# PC-3565/MK

**P-2/2051**

## ਆਧੁਨਿਕ ਪੰਜਾਬੀ ਵਾਰਤਕ-IV (i)

(Semester–IV)

(Reg. and D.E.)

Time : Three Hours] [Maximum Marks : 60

**ਨੋਟ :** ਭਾਗ-ੳ ਦੇ ਦੋ ਪ੍ਰਸ਼ਨਾਂ ਵਿਚੋਂ **ਇਕ** ਪ੍ਰਸ਼ਨ ਕਰਨਾ ਹੈ। ਇਹ ਪ੍ਰਸ਼ਨ 9 ਅੰਕ ਦਾ ਹੋਵੇਗਾ। ਭਾਗ-ਅ ਦੇ ਚਾਰ ਉਪਭਾਗਾਂ (ਅ-1, ਅ-2, ਅ-3, ਅ-4) ਵਿਚੋਂ ਪੁੱਛੇ ਅੱਠ ਪ੍ਰਸ਼ਨਾਂ ਵਿਚੋਂ **ਤਿੰਨ** ਪ੍ਰਸ਼ਨ ਹੱਲ ਕਰਨੇ ਹਨ। ਇਕ ਉਪ-ਭਾਗ ਵਿਚੋਂ **ਇਕ-ਇਕ** ਪ੍ਰਸ਼ਨ ਹੀ ਹੱਲ ਕਰਨਾ ਹੈ। ਇਨ੍ਹਾਂ ਤਿੰਨ ਪ੍ਰਸ਼ਨਾਂ ਦੇ 9×3=27 ਅੰਕ ਹੋਣਗੇ। ਭਾਗ-ੲ (ਲਾਜ਼ਮੀ ਪ੍ਰਸ਼ਨ) ਦੇ ਸਾਰੇ 12 ਪ੍ਰਸ਼ਨਾਂ ਦਾ ਸੰਖੇਪ ਉੱਤਰ ਦੇਣਾ ਹੈ। ਇਨ੍ਹਾਂ 12 ਪ੍ਰਸ਼ਨਾਂ ਦੇ 12×2=24 ਅੰਕ ਹੋਣਗੇ।

### ਭਾਗ-ੳ

I. ਵਾਰਤਕ ਦੀ ਪਰਿਭਾਸ਼ਾ ਤੇ ਲੱਛਣ ਦੱਸਣ ਉਪਰੰਤ ਮਨਮੋਹਨ ਕੇਸਰ ਵਲੋਂ ਕੀਤੇ ਵਾਰਤਕ ਵਰਗੀਕਰਣ ਦੇ ਭਿੰਨ ਆਧਾਰਾਂ ਬਾਰੇ ਵਿਚਾਰ ਕਰੋ।

II. ਰੇਖਾ ਚਿੱਤਰਾਂ ਦੀਆਂ ਕਿੰਨੀਆਂ ਵੰਨਗੀਆ ਹੁੰਦੀਆ ਹਨ? ਹਰੇਕ ਵੰਨਗੀ ਬਾਰੇ ਚਰਚਾ ਕਰੋ।

## ਭਾਗ-ਅ

### ਅ-1

III. 'ਆਪ ਬੀਤੀ' ਨੂੰ ਆਧਾਰ ਬਣਾ ਕੇ ਆਧੁਨਿਕ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਮਹਿੰਦਰ ਸਿੰਘ ਰੰਧਾਵਾ ਦਾ ਸਥਾਨ ਨਿਸਚਿਤ ਕਰੋ।

IV. 'ਮੈਂ ਖ਼ਿਆਲ ਕਰਦਾ ਹਾਂ ਕਿ ਅੱਜਕੱਲ੍ਹ ਦੇ ਵਿਦਿਆਰਥੀ ਮੇਰੀਆ ਜੀਵਨ-ਔਕੜਾਂ ਦਾ ਵਰਣਨ ਪੜ੍ਹ ਕੇ ਉਤਸਾਹਿਤ ਹੋਣਗੇ ਅਤੇ ਆਪਣੇ ਜੀਵਨ-ਘੋਲ ਵਿੱਚ ਕਾਮਯਾਬ ਹੋਣਗੇ।'' ਵਿਚਾਰ ਕਰੋ ਤੇ ਦੱਸੋ ਕੀ 'ਆਪ ਬੀਤੀ' ਪਾਠਕ ਨੂੰ ਅਜਿਹਾ ਉਤਸ਼ਾਹ ਦਿੰਦੀ ਹੈ?

### ਅ-2

V. ਬਲਵੰਤ ਗਾਰਗੀ ਦੀ ਰੇਖਾ ਚਿੱਤਰਕਾਰੀ ਦਾ ਇਕ ਗੁਣ ਇਨ੍ਹਾਂ ਵਿਚਲਾ ਹਾਸ-ਵਿਅੰਗ ਵੀ ਹੈ। 'ਹੁਸੀਨ ਚਿਹਰੇ' ਵਿਚੋਂ ਉਦਾਹਰਨਾਂ ਦੇ ਕੇ ਸਪੱਸ਼ਟ ਕਰੋ।

VI. ਰੇਖਾ-ਚਿੱਤਰ ਨੂੰ ਵਿਚਾਰਦਿਆਂ ਹੋਇਆਂ ਸਪੱਸ਼ਟ ਕਰੋ ਕਿ ਕੀ ਗਾਰਗੀ ਕਿਸੇ ਵੀ ਸ਼ਖ਼ਸੀਅਤ ਦੇ ਗੁਣਾਂ ਦੇ ਦੋਸ਼ਾਂ ਵਿਚ ਸੰਤੁਲਨ ਕਾਇਮ ਰੱਖ ਸਕਿਆ ਹੈ? 'ਹੁਸੀਂ ਚੇਹਰੇ' ਦੇ ਆਧਾਰ 'ਤੇ ਉੱਤਰ ਦਿਉ।

### ਅ-3

VII. 'ਵਗਦੀ ਏ ਰਾਵੀ' ਸਫ਼ਰਨਾਮੇ ਦੇ ਆਧਾਰ 'ਤੇ ਪਾਕਿਸਤਾਨੀ ਸਮਾਜ-ਸਭਿਆਚਾਰ ਉਪਰ ਰੌਸ਼ਨੀ ਪਾਉ।

VIII. ਸਫ਼ਰਨਾਮਾ ਸ਼ਾਸਤਰ ਨੂੰ ਕੇਂਦਰ ਵਿਚ ਰੱਖ ਕੇ 'ਵਗਦੀ ਏ ਰਾਵੀ' ਦਾ ਮੁਲਾਂਕਣ ਕਰੋ।

### ਅ-4

IX. 'ਡੂੰਘੀਆ ਸਿਖਰਾਂ' ਵਿਚੋਂ ਉਦਾਹਰਨਾਂ ਦੇ ਕੇ ਸਪੱਸ਼ਟ ਕਰੋ ਕਿ ਕੀ ਲੇਖਕ ਨੂੰ ਇੱਕ ਸਮਰੱਥ ਸ਼ੈਲੀਕਾਰ ਮੰਨਿਆ ਜਾ ਸਕਦਾ ਹੈ?

X. 'ਡੂੰਘੀਆਂ ਸਿਖਰਾਂ' ਨੂੰ ਆਧਾਰ ਬਣਾ ਕੇ 'ਪੈਸਾ, ਧਨ ਅਤੇ ਦੌਲਤ' ਵਿਚ ਇਨ੍ਹਾਂ ਬਾਰੇ ਨਰਿੰਦਰ ਸਿੰਘ ਕਪੂਰ ਦੇ ਵਿਚਾਰਾਂ ਤੋਂ ਜਾਣੂੰ ਕਰਵਾਓ।

### ਭਾਗ-ੲ

XI. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :

(a) ਆਧੁਨਿਕ ਪੰਜਾਬੀ ਵਾਰਤਕ ਦੀ ਉਪਜ ਦੇ ਦੋ ਮੁੱਖ ਕਾਰਨ ਦੱਸੋ।

(b) ਮਨ-ਭਰੰਗ ਤੇ ਕਲਪਨਾ ਵਿਚਲਾ ਭੇਦ ਦਰਸਾਓ।

(c) ਵਾਰਤਕ ਦੇ ਤੱਤ ਸੁਭਾਸ਼ਣ 'ਤੇ ਚਾਨਣਾ ਪਾਉ।

(d) 'ਆਪ ਬੀਤੀ' ਦਾ ਆਖ਼ਰੀ ਅਧਿਆਇ ਕਿਸ ਨੇ ਲਿਖਿਆ ਹੈ?

(e) ਚੱਕਬੰਦੀ ਦੀ ਸਕੀਮ ਅਨੁਸਾਰ ਮਹਿੰਦਰ ਸਿੰਘ ਰੰਧਾਵਾ ਨੇ ਪੰਜਾਬ ਦੇ ਪਿੰਡਾਂ ਦਾ ਨਕਸ਼ਾ ਕਿਵੇਂ ਪਲਟਿਆ?

(f) ਚਾਰ ਰੇਖਾ-ਚਿੱਤਰਕਾਰਾਂ ਦੇ ਨਾਂ ਅਤੇ ਉਨ੍ਹਾਂ ਦੀ ਇੱਕ-ਇੱਕ ਪੁਸਤਕ ਦਾ ਨਾਂ ਲਿਖੋ।

(g) 'ਹੁਸੀਨ ਚਿਹਰੇ' ਵਿਚੋਂ ਉਦਾਹਰਨਾਂ ਦੇ ਕੇ ਸਪੱਸ਼ਟ ਕਰੋ ਕਿ ਗਾਰਗੀ ਆਪਣੇ ਰੇਖਾ-ਚਿੱਤਰਾਂ ਲਈ ਖ਼ਾਸ ਕਿਸਮ ਦੇ ਰੂਪਕ ਵਰਤਦਾ ਹੈ।

(h) ਬਲਵੰਤ ਗਾਰਗੀ ਦੀ ਵਾਰਤਕ ਦੀਆਂ ਦੋ ਸ਼ੈਲੀਗਤ ਵਿਸ਼ੇਸ਼ਤਾਵਾਂ ਦੱਸੋ।

(i) ਰਾਇ ਅਜ਼ੀਜ਼ਉੱਲਾ ਭੱਟੀ ਦੀ ਸਿੱਖ ਇਤਿਹਾਸ ਨਾਲ ਕੀ ਸਾਂਝ ਹੈ?

(j) ਵਰਿਆਮ ਸਿੰਘ ਸੰਧੂ ਦੀ ਭਾਸ਼ਾ ਕਿਹੋ ਜਿਹੀ ਹੈ?

(k) 'ਡੂੰਘੀਆਂ ਸਿਖਰਾਂ' ਸਿਰਲੇਖ 'ਤੇ ਚਰਚਾ ਕਰੋ।

(l) ਨਰਿੰਦਰ ਸਿੰਘ ਕਪੂਰ ਦੀਆਂ ਦੋ ਅਨੁਵਾਦਿਤ ਪੁਸਤਕਾਂ ਦੇ ਨਾਂ ਲਿਖੋ।